ਜ਼ਿਲ੍ਹਾ ਪੱਧਰੀ ਸੇਵਾ ਕੇਂਦਰ ਵਿੱਚ ਈ-ਸਟੈਂਪ ਪੇਪਰ ਮਿਲਣ ਦੀ ਸਹੂਲਤ ਸ਼ੁਰੂ

ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਸੇਵਾ ਕੇਂਦਰ ਵਿਖੇ ਵੱਖਰਾ ਕਾਊਂਟਰ ਸਥਾਪਤ

ਆਨ ਲਾਈਨ ਅਦਾਇਗੀ ਦੀ ਸਹੂਲਤ ਵੀ ਹੋਵੇਗੀ ਉਪਲਬੱਧ

ਤਰਨਤਾਰਨ, 19 ਸਤੰਬਰ :

ਹੁਣ ਲੋਕਾਂ ਨੂੰ ਜਮੀਨ ਜਾਇਦਾਦ ਖਰੀਦਣ ਜਾਂ ਵੇਚਣ ਸਮੇਂ ਲੱਗਣ ਵਾਲੇ ਈਸਟੈਂਪ ਦੀ ਖਰੀਦ ਲਈ ਬੈਂਕਾਂ ਤੱਕ ਨਹੀਂ ਜਾਣਾ ਪਵੇਗਾ, ਕਿਉਕਿ ਤਰਨਤਾਰਨ ਦੇ ਟਾਈਪ 1 ਜ਼ਿਲ੍ਹਾ ਪੱਧਰੀ ਸੇਵਾ ਕੇਂਦਰ ਵਿਚ ਈ-ਸਟੈਂਪ ਪੇਪਰ ਦੀ ਵਿਕਰੀ ਦੀ ਸਹੂਲਤ ਸ਼ੁਰੂ ਕਰ ਦਿੱਤੀ ਗਈ ਹੈ। ਇਹ ਜਾਣਕਾਰੀ ਸਹਾਇਕ ਕਮਿਸ਼ਨਰ (ਸ਼ਿਕਾਇਤਾਂ) ਸ੍ਰੀ ਰਜਨੀਸ਼ ਅਰੋੜਾ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਇਸ ਸੇਵਾ ਦਾ ਰਸਮੀ ਉਦਘਾਟਨ ਕਰਨ ਮੌਕੇ ਦਿੱਤੀ।



ਇਸ ਮੌਕੇ ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰ ’ਤੇ ਸੇਵਾ ਕੇਂਦਰ ਵਿਖੇ ਈ-ਸਟੈਂਪ ਪੇਪਰ ਮਿਲਣ ਦੀ ਸ਼ੁਰੂਆਤ ਹੋਣ ਨਾਲ ਲੋਕਾਂ ਦੀ ਖੱਜਲ ਖੁਆਰੀ ਘਟੇਗੀ, ਕਿਉਂਕਿ ਹੁਣ ਬੈਂਕਾਂ ਦੇ ਨਾਲ-ਨਾਲ ਸੇਵਾ ਕੇਂਦਰ ਰਾਹੀਂ ਵੀ ਈ-ਸਟੈਂਪ ਪੇਪਰ ਲਏ ਜਾ ਸਕਣਗੇ। ਉਨ੍ਹਾਂ ਦੱਸਿਆ ਕਿ ਇਸ ਸੁਵਿਧਾ ਸਦਕਾ ਲੋਕਾਂ ਦੇ ਕੀਮਤੀ ਸਮੇਂ ਦੀ ਬੱਚਤ ਵੀ ਹੋਵੇਗੀ ਅਤੇ ਲੋਕ ਕੇਵਲ ਇੱਕ ਫਾਰਮ ਭਰ ਕੇ ਦੇਣ ਤੋਂ ਬਾਅਦ ਅਦਾਇਗੀ ਪਿੱਛੋਂ ਈ-ਸਟੈਂਪ ਪੇਪਰ ਖਰੀਦ ਸਕਣਗੇ।

ਉਨ੍ਹਾਂ ਦੱਸਿਆ ਕਿ 20 ਹਜ਼ਾਰ ਤੋਂ 1 ਲੱਖ ਰੁਪਏ ਤੱਕ ਦੀ ਰਾਸ਼ੀ ਦੀ ਫੀਸ ਲਈ ਈ-ਸਟੈਂਪ ਪੇਪਰ ਲਾਗੂ ਕੀਤਾ ਗਿਆ ਹੈ ਅਤੇ ਲੋਕਾਂ ਦੀ ਸਹੂਲਤ ਲਈ ਵੱਖਰਾ ਕਾਊਂਟਰ ਸਥਾਪਤ ਕੀਤਾ ਗਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਲੋਕ ਈਸਟੈਂਪ ਦੀ ਖਰੀਦ ਲਈ ਨਗਦੀ ਤੋਂ ਇਲਾਵਾ ਆਨ ਲਾਈਨ ਤਰੀਕਿਆਂ ਨਾਲ ਆਪਣੇ ਕਰੈਡਿਟ, ਡੈਬਿਟ ਕਾਰਡ ਤੋਂ ਵੀ ਅਦਾਇਗੀ ਕਰ ਸਕਦੇ ਹਨ। ਵਿੱਤੀ ਮੰਤਰਾਲੇ ਵੱਲੋਂ ਨਗਦੀ ਦੀ ਵੱਧ ਤੋਂ ਵੱਧ ਨਿਰਧਾਰਤ ਸੀਮਾ ਤੋਂ ਵੱਧ ਰਕਮ ਦੇ ਈ-ਸਟੈਂਪ

ਖਰੀਦਣ ਲਈ ਆਨ ਲਾਈਨ ਵਿਧੀ ਨਾਲ ਜਾਂ ਚੈਕ ਡਰਾਫਟ ਨਾਲ ਅਦਾਇਗੀ ਕਰਨੀ ਲਾਜਮੀ ਹੋਵੇਗੀ। ਇਸ ਮੌਕੇ ਜ਼ਿਲ੍ਹਾ ਟੈਕਨੀਕਲ ਕੋਆਰਡੀਨੇਟਰ ਅਮਰਿੰਦਰ ਸਿੰਘ ਅਤੇ ਜ਼ਿਲ੍ਹਾ ਮੈਨੇਜਰ ਸੇਵਾ ਕੇਂਦਰ ਪੁਸ਼ਪਿੰਦਰ ਸਿੰਘ ਵੀ ਹਾਜਰ ਸਨ।

------------------------